# ਪੰਜਾਬੀ ਵਿਆਹ: ਬਦਲਦਾ ਪਰਿਪੇਖ

**ਡਾ. ਹਰਮਨਦੀਪ ਕੌਰ ਬਿੰਦਰਾ***

ਅਜੋਕੇ ਸਮੇਂ ਨੂੰ ਵਿਸ਼ਵੀਕਰਨ ਤੇ ਟੈਕਨੋਲੋਜੀ ਦਾ ਯੁੱਗ ਕਿਹਾ ਜਾਂਦਾ ਹੈ।ਸਮਾਜ ਸੱਭਿਆਚਾਰ ਦੇ ਹਰ ਪੱਖ ਵਿੱਚ ਬਦਲਾਵ ਹੋ ਰਹੇ ਹਨ।ਮਨੁੱਖੀ ਜੀਵਨ ਵਿੱਚ ਵੀ ਬਹੁਤ ਸਾਰੀਆਂ ਤਬਦੀਲੀਆਂ ਵਾਪਰ ਰਹੀਆਂ ਹਨ।ਮਨੁੱਖੀ ਜ਼ਿੰਦਗੀ ਦਾ ਅਹਿਮ ਹਿੱਸਾ ਵਿਆਹ ਪ੍ਰਥਾ ਵੀ ਇਸ ਤਬਦੀਲੀ ਤੋਂ ਅਭਿੱਜ ਨਹੀਂ ਰਹੀ।ਪਰੰਪਰਾਗਤ ਸਮੇਂ ਦੇ ਮੁਕਾਬਲੇ ਅੱਜ ਦੇ ਸਮੇਂ ਵਿੱਚ ਵਿਆਹ ਦੇ ਰੂਪ, ਵਿਆਹ ਤੋਂ ਪਹਿਲਾਂ ਤੇ ਬਾਅਦ ਦੀਆਂ ਰਸਮਾਂ ਵਿੱਚ ਬਹੁਤ ਸਾਰੇ ਪਰਿਵਰਤਨ ਹੋਏ ਹਨ।ਵਿਆਹ ਮਨੁੱਖੀ ਜੀਵਨ ਤੇ ਸਮਾਜ ਵਿੱਚ ਇੱਕ ਖ਼ਾਸ ਸਥਾਨ ਰੱਖਦਾ ਹੈ।ਇਸਨੂੰ ਪਵਿੱਤਰ ਬੰਧਨ, ਵੰਸ਼ ਪਰੰਪਰਾ ਨੂੰ ਅੱਗੇ ਤੋਰਨ ਵਾਲੇ ਰੂਪ ਵਿੱਚ ਦੇਖਿਆ ਜਾਂਦਾ ਹੈ।ਪਹਿਲੇ ਸਮਿਆਂ ਵਿੱਚ ਕੁੜੀਆਂ ਅਤੇ ਮੁੰਡਿਆਂ ਨੂੰ ਛੋਟੀ ਉਮਰੇ ਹੀ ਵਿਆਹ ਦਿੱਤਾ ਜਾਂਦਾ ਸੀ।ਬਹੁਤੇ ਰਿਸ਼ਤੇ ਪੰਡਿਤਾਂ ਅਤੇ ਨਾਈਆਂ ਦੁਆਰਾ ਹੀ ਕੀਤੇ ਜਾਂਦੇ ਸਨ।ਅਜਿਹੇ ਰਿਸ਼ਤਿਆਂ ਵਿੱਚ ਕਈ ਵਾਰ ਬੇਜੋੜ, ਅਣਜੋੜ ਮੇਲ ਵੀ ਕਰਵਾ ਦਿੱਤੇ ਜਾਂਦੇ ਸਨ, ਜਿਸਦਾ ਪਤਾ ਵਿਆਹ ਸਮੇਂ ਘਰਵਾਲਿਆਂ ਨੂੰ ਤੇ ਵਿਆਹ ਤੋਂ ਬਾਅਦ ਕੁੜੀ ਮੁੰਡੇ ਨੂੰ ਲੱਗਦਾ ਸੀ।ਪੁਰਾਤਨ ਸਮਾਂ ਖੇਤੀ ਪ੍ਰਧਾਨ ਸਮਾਂ ਸੀ ਤੇ ਆਮ ਤੌਰ ‘ਤੇ ਹੱਥੀਂ ਜ਼ਿਆਦਾ ਕੰਮ ਕੀਤਾ ਜਾਂਦਾ ਸੀ, ਇਸ ਲਈ ਜਿਸ ਘਰ ਵਿੱਚ ਜ਼ਿਆਦਾ ਪੁੱਤਰ ਜਾਂ ਮੁੰਡੇ ਹੁੰਦੇ ਸਨ ਉਸਨੂੰ ਬਹੁਤ ਬਖਤਾਵਰ ਘਰ ਮੰਨਿਆ ਜਾਂਦਾ ਸੀ।

ਅਜੋਕੇ ਸਮੇਂ ਵਿੱਚ ਪਰੰਪਰਾਗਤ ਸਮੇਂ ਦੇ ਮੁਕਾਬਲੇ ਕਾਫੀ ਅੰਤਰ ਦੇਖਣ ਨੂੰ ਮਿਲਦਾ ਹੈ, ਹੁਣ ਤਾਂ ਝੱਟ ਮੰਗਣੀ ਪੱਟ ਵਿਆਹ ਹੋਣ ਲੱਗ ਪਏ ਹਨ।ਪੁਰਾਣੇ ਸਮੇਂ ਵਿੱਚ ਮੰਗਣੀ ਵੇਲੇ ਜਾਂ ਪਹਿਲਾਂ ਮੁੰਡੇ ਕੁੜੀ ਦਾ ਕੋਈ ਵੇਖ ਵਿਖਾਲਾ ਨਹੀਂ ਸੀ ਕੀਤਾ ਜਾਂਦਾ ਸਗੋਂ ਵਿਚੋਲਿਆਂ ਦੁਆਰਾ ਹੀ ਰਿਸ਼ਤੇ ਸਿਰੇ ਚਾੜ੍ਹੇ ਜਾਂਦੇ ਸਨ।ਹੁਣ ਤਾਂ ਵਿਚੋਲਿਆਂ ਦੀ ਭੂਮਿਕਾ ਅਖ਼ਬਾਰਾਂ, ਮੈਰਿਜ ਬਿਊਰੋ, ਮੈਟਰੀਮੋਨੀਅਲ ਸਾਈਟਸ ਨੇ ਲੈ ਲਈ ਹੈ।ਪਹਿਲੇ ਸਮਿਆਂ ਵਿੱਚ ਮੰਗਣੀ ਤੋਂ ਬਾਅਦ ਬਹੁਤ ਸਮਾਂ ਵਿਆਹ ਨਹੀਂ ਸਨ ਕੀਤੇ ਜਾਂਦੇ, ਕਈ ਵਾਰ ਤਾਂ ਬੱਚਿਆਂ ਦੀ ਮੰਗਣੀ ਹੋ ਜਾਣ ਕਾਰਨ ਤੇ ਕਈ ਵਾਰ ਵਿਆਹ ਕਰਨ ਲਈ ਸਮਾਨ ਜੋੜਦਿਆਂ ਤੇ ਤਿਆਰੀਆਂ ਕਰਦਿਆਂ ਸਮਾਂ ਬੀਤ ਜਾਂਦਾ ਸੀ।ਪਰ ਅਜੋਕੇ ਸਮੇਂ ਵਿੱਚ ਮੰਗਣੀ ਤੋਂ ਪਹਿਲਾਂ ਹੀ ਆਪਸ ਵਿੱਚ ਵੇਖ ਵਿਖਾਵਾ, ਇੱਕ ਦੂਜੇ ਨੂੰ ਸਮਝਣ ਤੇ ਵਿਚਾਰਾਂ ਦੀ ਸਾਂਝ ਜਾਨਣ ਲਈ ਮੁਲਾਕਾਤਾਂ ਆਮ ਹੋਣ ਲੱਗ ਪਈਆਂ ਹਨ।ਇਸ ਲਈ ਵਿਆਹ ਤੋਂ ਪਹਿਲਾਂ ਹੀ ਕਈ ਵਾਰ ਬਹੁਤ ਸਾਰੀਆਂ ਗਲਤਫਹਿਮੀਆਂ ਤੇ ਗੱਲਾਂ ਅਜਿਹੀਆਂ ਹੋ ਜਾਂਦੀਆਂ ਹਨ ਜਿਸ ਕਾਰਨ ਬਹੁਤ ਸਾਰੇ ਰਿਸ਼ਤੇ ਟੁੱਟਦੇ ਤੇਬਹੁਤ ਟੁੱਟਣ ਦੀ ਕਗਾਰ ਤੇ ਪਹੁੰਚ ਜਾਂਦੇ ਹਨ।ਜਿਸ ਕਰਕੇ ਅੱਜਕੱਲ ਮੰਗਣੀ ਤੋਂ ਬਾਅਦ ਜਲਦੀ ਵਿਆਹ ਕੀਤੇ ਜਾਣ ਨੂੰ ਤਰਜੀਹ ਦਿੱਤੀ ਜਾਣ ਲੱਗ ਪਈ ਹੈ।ਧਰਮ, ਜਾਤ-ਪਾਤ ਬਾਰੇ ਵੀ ਹੋਣ ਲੋਕਾਂ ਵਿੱਚ ਪੁਰਾਣੀਆਂ ਮਾਨਤਾਵਾਂ ਨਹੀਂ ਰਹੀਆਂ, ਇਸੇ ਕਾਰਨ ਪਿਆਰ ਵਿਆਹ, ਅੰਤਰ-ਜਾਤੀ, ਅੰਤਰ-ਧਰਮ ਵਿਆਹ ਆਮ ਹੋਣ ਲੱਗ ਪਏ ਹਨ।

ਜੇਕਰ ਵਿਆਹ ਦੀਆਂ ਰਸਮਾਂ ਵੱਲ ਝਾਤੀ ਮਾਰੀ ਜਾਵੇ ਤਾਂ ਮੰਗਣੀ ਜਾਂ ਰੋਕੇ ਦੀ ਰਸਮ ਲਈ ਪਹਿਲਾਂ ਪਹਿਲ ਵਿਚੋਲੇ ਦੇ ਹੱਥ ਹੀ ਕੁੜੀ ਵਾਲੇ ਮੁੰਡੇ ਲਈ ਇੱਕ ਰੁਪਇਆ ਸ਼ਗਨ ਤੇ ਮਿੱਠੇ ਦੇ ਰੂਪ ਵਿੱਚ ਗੁੜ ਭੇਜਦੇ ਸਨ ਪਰ ਹੁਣ ਇਹ ਰਸਮ ਰਿੰਗ ਸੈਰੇਮਨੀ ਦੇ ਨਾਂ ਹੇਠ ਇੱਕ ਸਟੇਟਸ ਸਿੰਬਲ ਦੇ ਰੂਪ ਵਿੱਚ ਕੀਤੀ ਜਾਣ ਲੱਗ ਪਈ ਹੈ ਤੇ ਇਸ ਰਸਮ ਉੱਤੇ ਹੀ ਲੱਖਾਂ ਰੁਪਏ ਖਰਚੇ ਜਾਂਦੇ ਹਨ।ਵਿਆਹ ਤੋਂ ਪਹਿਲਾਂ ਕੀਤੀਆਂ ਜਾਣ ਵਾਲੀਆਂ ਬਹੁਤ ਸਾਰੀਆਂ ਰਸਮਾਂ ਜਿਵੇਂ ਆਟੇ ਪਾਣੀ ਪਾਉਣ ਦੀ ਰਸਮ, ਚੱਕੀ ਹੱਥ ਦੀ ਰਸਮ, ਘੜੋਲੀ ਭਰਨ ਦੀ ਰਸਮ ਆਦਿ ਖਤਮ ਹੋ ਗਈਆਂ ਹਨ।ਕਈ ਥਾਂਈਂ ਜਿੱਥੇ ਜਾਂ ਜਿਨ੍ਹਾਂ ਪਿੰਡਾਂ ਦਾ ਬਹੁਤ ਆਧੁਨਿਕੀਕਰਨ ਨਹੀਂ ਹੋਇਆ ਉੱਥੇ ਇਹ ਰਸਮਾਂ ਅਜੇ ਵੀ ਕੀਤੀਆਂ ਜਾਂਦੀਆਂ ਹਨ।ਹੁਣ ਦੇ ਸਮੇਂ ਵਿੱਚ ਕੀਤੀਆਂ ਜਾਂਦੀਆਂ ਪੁਰਾਣੀਆਂ ਰਸਮਾਂ ਵੀ ਬਦਲਦੇ ਸਮੇਂ ਅਨੁਸਾਰ ਵੱਖਰੇ ਰੂਪ ਵਿੱਚ ਸਾਹਮਣੇ ਆ ਰਹੀਆਂ ਹਨ।ਹੁਣ ਪੰਡਿਤਾਂ ਤੋਂ ਪੁੱਛ ਕੇ ਵਿਆਹ ਦੇ ਦਿਨ ਨਿਸ਼ਚਿਤ ਕਰਨੇ ਬਹੁਤ ਘੱਟ ਗਏ ਹਨ, ਜ਼ਿਆਦਾਤਰ ਵਿਆਹ ਐਤਵਾਰ ਜਾਂ ਛੁੱਟੀ ਵਾਲੇ ਦਿਨ ਕੀਤੇ ਜਾਂਦੇ ਹਨ।ਰਿਸ਼ਤੇਦਾਰਾਂ ਨੂੰ ਵਿਆਹ ਦਾ ਸੱਦਾ ਦੇਣ ਲਈ ਆਮ ਤੌਰ ‘ਤੇ ਪਹਿਲਾਂ ਨਾਈ ਜਾਂਦੇ ਸਨ, ਜਿਨ੍ਹਾਂ ਨੂੰ ਗੰਢਾਂ ਭੇਜਣੀਆਂ ਕਿਹਾ ਜਾਂਦਾ ਸੀ, ਪਰ ਹੁਣ ਵਿਆਹ ਦੇ ਕਾਰਡ ਛਪਾਉਣ ਲਈ ਵੀ ਬਹੁਤ ਸਾਰੇ ਢਕਵੰਜ ਕੀਤੇ ਜਾਂਦੇ ਹਨ।ਅਜੋਕੇ ਸਮੇਂ ਵਿੱਚ ਤਾਂ ਵਿਆਹ ਦੇ ਕਾਰਡ ਵੀ ਸਟੇਟਸ ਦੀ ਨਿਸ਼ਾਨੀ ਮੰਨੇ ਜਾਂਦੇ ਸਨ।ਵਿਆਹ ਤੋਂ ਬਾਅਦ ਭਾਜੀ ਜਾਂ ਸੀਰਨੀ ਦੇਣ ਦੀ ਥਾਂ ਕਾਰਡਾਂ ਦੇ ਨਾਲ ਹੀ ਮਠਿਆਈ ਦੇ ਡੱਬੇ ਦੇ ਦਿੱਤੇ ਜਾਂਦੇ ਹਨ।ਵਿਆਹਾਂ ਦੀ ਸੂਚਨਾ ਹੁਣ ਕਾਰਡਾਂ ਤੋਂ ਇਲਾਵਾ ਫੋਨ ਦੇ ਰਾਹੀਂ, ਫੋਨ ਮੈਸਿਜ ਰਾਹੀਂ, ਈ.ਮੇਲ ਰਾਹੀਂ ਵੀ ਦਿੱਤੀ ਜਾਣ ਲੱਗ ਪਈ ਹੈ।

ਸਮੇਂ ਦੇ ਵਿਕਾਸ ਨਾਲ ਵਿਆਹ ਸ਼ਾਦੀਆਂ ਤੇ ਹੋਰ ਖੁਸ਼ੀ ਦੇ ਮੌਕਿਆਂ ਨੂੰ ਸੰਭਾਲ ਕੇ ਰੱਖਣ ਲਈ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਕੀਤੀ ਜਾਂਦੀ ਹੈ ਤੇ ਇਸਦੇ ਇਵਜਾਨੇ ਵਜੋਂ ਫੋਟੋਗ੍ਰਾਫਰਸ ਨੂੰ ਕਾਫੀ ਪੈਸੇ ਦਿੱਤੇ ਜਾਂਦੇ ਹਨ।ਹੁਣ ਭਾਵੇਂ ਬਾਕੀ ਰਸਮਾਂ ਜਾਂ ਗੱਲਾਂ ਰਹਿ ਜਾਣ ਵਿਆਹ ਤੋਂ ਪਹਿਲਾਂ ਹੀ ਪ੍ਰੀ ਫੋਟੋਸ਼ੂਟ, ਪ੍ਰੀ ਵੀਡੀਉ ਸ਼ੂਟ ਕੀਤੇ ਜਾਂਦੇ ਹਨ ਤੇ ਇਹਨਾਂ ਲਈ ਹੁਣ ਖ਼ਾਸ ਕਿਸਮ ਦੇ ਸਟੂਡਿਓ ਖੁੱਲ੍ਹ ਗਏ ਹਨ ਤੇ ਲੱਖਾਂ ਰੁਪਏ ਇਹਨਾਂ ਉੱਤੇ ਖਰਚ ਕੀਤੇ ਜਾਂਦੇ ਹਨ।ਜਿੱਥੇ ਪਹਿਲਾਂ ਮੁੰਡੇ ਕੁੜੀ ਦਾ ਇੱਕ ਦੂਜੇ ਨੂੰ ਮਿਲਣਾ ਸੰਭਵ ਨਹੀਂ ਸੀ ਪਰ ਹੁਣ ਇਹਨਾਂ ਸਭ ਪੁਰਾਣੀਆਂ ਗੱਲਾਂ ਦਾ ਕੋਈ ਮਹੱਤਵ ਨਹੀਂ ਰਹਿ ਗਿਆ।

ਵਿਆਹਾਂ ਤੋਂ ਪਹਿਲਾਂ ਗਾਉਣ ਬਿਠਾਉਣ ਦਾ ਰਿਵਾਜ਼ ਬਹੁਤ ਘੱਟ ਗਿਆ ਹੈ।ਸਿਰਫ ਵਿਆਹ ਤੋਂ ਇੱਕ ਦਿਨ ਪਹਿਲਾਂ ਲੇਡੀਜ਼ ਸੰਗੀਤ ਦੇ ਨਾਂ ਤਹਿਤ ਇਹ ਗੀਤ ਗਾਏ ਜਾਂਦੇ ਹਨ।ਵਿਆਹ ਤੋਂ ਪਹਿਲਾਂ ਕੀਤੀ ਜਾਂਦੀ ਜਾਗੋ ਦੀ ਰਸਮ ਬਹੁਤ ਸਮਾਂ ਤਾਂ ਕੀਤੀ ਹੀ ਨਹੀਂ ਜਾਂਦੀ ਰਹੀ ਪਰ ਹੁਣ ਦੁਬਾਰਾ ਤੋਂ ਇਹ ਰਸਮ ਬਹੁਤ ਸਾਰੇ ਬਦਲਾਵਾਂ ਤਹਿਤ ਤੇ ਸਿਰਫ਼ ਦਿਖਾਵੇ ਲਈ ਹੀ ਕੀਤੀ ਜਾਂਦੀ ਹੈ।ਬਜਾਰੋਂ ਆਰਟੀਫੀਸ਼ੀਅਲ ਲਾਈਟਾਂ ਵਾਲੀਆਂ ਜਾਗੋ ਦੀਆਂ ਲਾਈਟਾਂ, ਬੋਲੀਆਂ ਵਾਲੇ, ਢੋਲ ਵਾਲੇ ਤੇ ਭੰਗੜਾ ਪਾਉਣ ਵਾਲੇ ਮੰਗਵਾ ਲਏ ਜਾਂਦੇ ਹਨ।ਬਾਕੀ ਰਿਸ਼ਤੇਦਾਰ ਤੇ ਪਰਿਵਾਰਿਕ ਮੈਂਬਰ

ਤਾਂ ਢੋਲ ਢਮੱਕੇ ਉੱਤੇ ਨੱਚਣ-ਟੱਪਣ ਦਾ ਹੀ ਕੰਮ ਕਰਦੇ ਹਨ।ਨਾਨਕਾ ਮੇਲ ਦਾ ਵੀ ਵਿਆਹ ਵਿੱਚ ਆਉਣ ਜਾਣ ਦਾ ਪਤਾ ਨਹੀਂ ਲੱਗਦਾ।ਉਹਨਾਂ ਦੀਆਂ ਸਿੱਠਣੀਆਂ, ਗੀਤਾਂ, ਗਿੱਧੇ ਦੀ ਥਾਂ ਡੀ.ਜੇ ਨੇ ਲੈ ਲਈ ਹੈ।

ਪਹਿਲਾਂ ਬਰਾਤਾਂ ਤਿੰਨ-ਚਾਰ ਦਿਨ ਕੁੜੀ ਦੇ ਪਿੰਡ ਰਹਿੰਦੀਆਂ ਸਨ।ਖੱਲ੍ਹੇ ਦਿਲ ਨਾਲ ਉਹਨਾਂ ਦੀ ਆਉ ਭਗਤ ਕੀਤੀ ਜਾਂਦੀ ਸੀ।ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਬਰਾਤ ਨੂੰ ਵਧੀਆ ਤਰੀਕੇ ਨਾਲ ਠਹਿਰਾਉਣ ਲਈ ਮੰਜੇ, ਬਿਸਤਰੇ ਪਿੰਡ ਵਿੱਚੋਂ ਇਕੱਠੇ ਕੀਤੇ ਜਾਂਦੇ ਸਨ।ਕਿਸੇ ਸਾਂਝੀ ਥਾਂ ਆਮ ਤੌਰ ‘ਤੇ ਧਰਮਸ਼ਾਲਾ ਜਾਂ ਕਈ ਪਿੰਡਾਂ ਵਿੱਚ ਜੰਝ ਘਰ ਬਣਾਏ ਹੁੰਦੇ ਸਨ,ਉੱਥੇ ਇਹਨਾਂ ਬਰਾਤਾਂ ਦੇ ਠਹਿਰਨ ਦਾ ਪ੍ਰਬੰਧ ਕੀਤਾ ਜਾਂਦਾ ਸੀ।ਜਿੰਨੇ ਦਿਨ ਵੀ ਬਰਾਤ ਰੁਕਦੀ ਸੀ ਹਰ ਰੋਜ਼ ਰਾਤ ਨੂੰ ਉਹਨਾਂ ਦਾ ਮਨੋਰੰਜਨ ਕਰਨ ਲਈ ਭੰਡ, ਮਰਾਸੀ ਆਦਿ ਸੱਦੇ ਜਾਂਦੇ ਸਨ।ਖਾਣ-ਪੀਣ ਸਮੇਂ ਸਭ ਤੋਂ ਪਹਿਲਾਂ ਬਰਾਤੀਆਂ ਨੂੰ ਚਾਹ ਤੇ ਖਾਣਾ ਖਵਾਇਆ ਜਾਂਦਾ ਸੀ।ਪਿੰਡ ਦੇ ਮੋਹਤਵਰ ਬੰਦੇ ਉਹਨਾਂ ਦੀ ਆਉ ਭਗਤ ਲਈ ਖਾਣੇ ਸਮੇਂ ਉਹਨਾਂ ਕੋਲ ਬੈਠਦੇ ਸਨ ਤੇ ਉਹਨਾਂ ਦੇ ਖਾ-ਪੀ ਲੈਣ ਤੋਂ ਬਾਅਦ ਰਿਸ਼ਤੇਦਾਰ ਤੇ ਲੋਕ ਖਾਣਾ ਖਾਂਦੇ ਸਨ।ਹੁਣ ਤਾਂ ਵੱਧ ਤੋਂ ਵੱਧ ਖਾਣ-ਪੀਣ ਦੀਆਂ ਵਸਤਾਂ ਪੇਸ਼ ਕੀਤੀਆਂ ਜਾਂਦੀਆਂ ਹਨ ਤੇ ਇਹਨਾਂ ਸਭ ਨੂੰ ਸਟੇਟਸ ਦੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਅਜੋਕੇ ਸਮੇਂ ਵਿੱਚ ਵਿਆਹ ਘਰ ਦੀ ਥਾਂ ਮੈਰਿਜ ਪੈਲਿਸਾਂ ਵਿੱਚ ਹੋਣ ਲੱਗ ਪਏ ਹਨ, ਇਸ ਲਈ ਸਾਰਾ ਕੰਮ ਇੱਕ ਦਿਨ ਵਿੱਚ ਹੀ ਪੂਰਾ ਹੋ ਜਾਂਦਾ ਹੈ।ਆਨੰਦ ਕਾਰਜ ਦੀ ਰਸਮ ਪਹਿਲੇ ਸਮਿਆਂ ਵਿੱਚ 12 ਵਜੇ ਤੋਂ ਪਹਿਲਾਂ ਜਾਂ ਸਵੇਰੇ ਤੜਕੇ ਚਾਰ ਵਜੇ ਕੀਤੀ ਜਾਂਦੀ ਸੀ ਪਰ ਹੁਣ ਬਰਾਤਾਂ ਦੇ ਢੁਕਾਅ ਹੀ 12-1 ਵਜੇ ਹੋਣ ਲੱਗ ਪਏ ਹਨ, ਇਸ ਲਈ ਇਹਨਾਂ ਸਭ ਦੀ ਕੋਈ ਮਹੱਤਤਾ ਨਹੀਂ ਰਹੀ।ਸੱਭਿਆਚਾਰਕ ਪ੍ਰੋਗਰਾਮਾਂ ਦੇ ਨਾਂ ਥੱਲੇ ਕਈ ਵਾਰ ਬਹੁਤ ਘਟੀਆ ਨਾਚ ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ ਤੇ ਇਹਨਾਂ ਦੇ ਲਈ ਬਹੁਤ ਜ਼ਿਆਦਾ ਮਾਤਰਾ ਵਿੱਚ ਪੈਸਾ ਵੀ ਲਾਇਆ ਜਾਂਦਾ ਹੈ।ਇਹਨਾਂ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਕਈ ਵਾਰ ਬਹੁਤ ਅਣਹੋਣੀਆਂ ਘਟਨਾਵਾਂ ਵੀ ਵਾਪਰਦੀਆਂ ਹਨ।ਅੱਜਕੱਲ ਲੋਕ ਫੋਕੇ ਦਿਖਾਵੇ ਤਹਿਤ ਫਾਇਰਿੰਗ ਕਰਦੇ ਹਨ, ਜਿਨ੍ਹਾਂ ਨਾਲ ਕਈ ਵਾਰ ਬਹੁਤ ਸਾਰੇ ਹਾਦਸੇ ਵੀ ਵਾਪਰਦੇ ਹਨ, ਕਿਤੇ ਇਹ ਪਰਿਵਾਰਿਕ ਮੈਂਬਰਾਂ ਦੀ ਮੌਤ ਦਾ ਕਾਰਨ ਬਣਦੇ ਹਨ ਤੇ ਕਈ ਥਾਈਂ ਇਹਨਾਂ ਨਾਲ ਆਪਣੀ ਰੋਜ਼ੀ ਰੋਟੀ ਕਮਾਉਣ ਵਾਲੀਆ ਡਾਂਸਰ ਕੁੜੀਆਂ ਵੀ ਮਰੀਆਂ ਹਨ।ਸ਼ਰਾਬ ਤੇ ਬੈਨ ਲੱਗਣ ਦੇ ਬਾਵਜੂਦ ਵੀ ਇਹ ਸਾਰਾ ਕੁੱਝ ਸ਼ਰੇਆਮ ਹੋ ਰਿਹਾ ਹੈ।ਇਹ ਸਾਰੀਆਂ ਚੀਜ਼ਾਂ ਆਮ ਲੋਕਾਂ ਨੂੰ ਆਪਣੇ ਸੱਭਿਆਚਾਰ ਤੋਂ ਕਿਤੇ ਦੂਰ ਲਿਜਾ ਰਹੀਆਂ ਹਨ।

ਵਿਆਹ ਦੌਰਾਨ ਸਿੱਠਣੀਆਂ ਦੇਣੀਆਂ, ਜੰਨ ਬੰਨ੍ਹਣ ਤੇ ਛੁਡਾਉਣ ਦਾ ਰਿਵਾਜ਼, ਲਾੜੇ ਤੋਂ ਛੰਦ ਸੁਣਨੇ, ਪੱਤਲ ਦੇਣੀ, ਖੱਟ ਦੇਣੀ ਇਹ ਸਭ ਰਸਮਾਂ ਬਿਲਕੁਲ ਅਲੋਪ ਹੋ ਗਈਆਂ ਹਨ।ਘੁੰਡ ਕੱਢਣ ਦਾ ਰਿਵਾਜ਼ ਬਿਲਕੁਲ ਖਤਮ ਹੋ ਗਿਆ ਹੈ, ਫੈਸ਼ਨ ਲਈ ਤਾਂ ਫਿਲਮੀ ਸਿਤਾਰਿਆਂ ਦੀ ਦੇਖਾ-ਦੇਖੀ ਲਾਵਾਂ ਸਮੇਂ ਘੁੰਡ ਕੱਢਿਆ ਜਾਂਦਾ ਹੈ।ਛਟੀਆਂ ਦੀ ਰਸਮ, ਗੋਤ ਕਨਾਲੇ ਦੀ ਰਸਮ ਵੀ ਖਤਮ ਹੋ ਗਈ ਹੈ।ਹੁਣ ਵਿਆਹ ਤੋਂ ਅਗਲੇ ਦਿਨ ਜ਼ਿਆਦਾਤਰ ਰਿਸੈਪਸ਼ਨ ਦੀ ਰਸਮ ਕੀਤੀ ਜਾਂਦੀ ਹੈ, ਜਿਸ ਵਿੱਚ ਮੁੰਡੇ ਵਾਲਿਆਂ ਦੇ ਰਿਸ਼ਤੇਦਾਰ, ਦੋਸਤ ਤੇ ਕੁੜੀ ਦੇ ਪਰਿਵਾਰਿਕ ਮੈਂਬਰ ਸ਼ਾਮਿਲ

ਹੁੰਦੇ ਹਨ।ਵਿਆਹ ਵਾਲੇ ਦਿਨ ਜਿੱਥੇ ਕੁੜੀ ਵਾਲੇ ਮੁੰਡੇ ਪਰਿਵਾਰ ਦਾ ਸਵਾਗਤ ਕਰਦੇ ਹਨ, ਉੱਥੇ ਰਿਸੈਪਸ਼ਨ ਵਾਲੇ ਦਿਨ ਮੁੰਡੇ ਵਾਲੇ ਕੁੜੀ ਪਰਿਵਾਰ ਦਾ ਸਵਾਗਤ ਕਰਦੇ ਹਨ।

ਅਜੋਕੇ ਸਮੇਂ ਦੇ ਵਿਆਹ ਸਿਰਫ਼ ਦਿਖਾਵਾ ਮਾਤਰ ਬਣ ਕੇ ਰਹਿ ਗਏ ਹਨ, ਇਹਨਾਂ ਨੂੰ ਸਿਰਫ਼ ਸਟੇਟਸ ਦੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਤੇ ਇਸ ਤਹਿਤ ਬਹੁਤ ਜ਼ਿਆਦਾ ਮਾਤਰਾ ਵਿੱਚ ਪੈਸਾ ਖਰਚ ਕੀਤਾ ਜਾਂਦਾ ਹੈ।ਹੁਣ ਤਾਂ ਵਿਆਹਾਂ ਤੋਂ ਬਾਅਦ ਰਿਸੈਪਸ਼ਨ ਤੱਕ ਹੀ ਗੱਲ ਸੀਮਿਤ ਨਹੀਂ ਹੋ ਜਾਂਦੀ ਸਗੋਂ ਕਈ ਲੋਕ ਵਿਆਹ ਤੋਂ ਬਾਅਦ ਵੀ ਲੱਖਾਂ ਰੁਪਏ ਖਰਚ ਕਰਕੇ ਪੋਸਟ ਵੈਡਿੰਗ ਸ਼ੂਟ ਵੀ ਕਰਵਾਉਂਦੇ ਹਨ।ਇਹਨਾਂ ਸਭ ਤੋਂ ਵੱਖ ਬਹੁਤੇ ਸਾਰੇ ਲੋਕ ਅਜਿਹੇ ਵੀ ਹਨ ਜੋ ਇਹਨਾਂ ਸਭ ਅਡੰਬਰਾਂ ਤੋਂ ਦੂਰ ਸਾਦੇ ਵਿਆਹਾਂ ਨੂੰ ਤਰਜੀਹ ਦੇਣ ਲੱਗ ਪਏ ਹਨ।